Student/Registration Number | | | | | | | | | | | Centre Number | | | | | | |

**2015 PUBLIC EXAMINATION**

# Punjabi

## Continuers Level

**Tuesday 20 October: 2 pm Australian Eastern Daylight Time**

Reading Time: 10 minutes
Working Time: 2 hours and 30 minutes

- *You have 10 minutes to read all the papers and to familiarise yourself with the requirements of the questions. You must not write during this time.*
- *Monolingual and/or bilingual printed dictionaries may be consulted during the reading time and also during the examination.*

## Section 1: Listening and Responding (30 marks)

**Instructions to Students**

1. Allow approximately 40 minutes for Section 1.
2. Write all your answers to the questions in Section 1 in this booklet in black or blue pen. Space is provided for you to make notes.
3. You must answer ALL questions in Part A and Part B.
4. Answer Part A in ENGLISH and Part B in PUNJABI.
5. Write your student/registration number and the centre number (if required) on the front cover of this booklet.
6. All question booklets will be collected at the end of the examination.

© Victorian Curriculum and Assessment Authority 2015

**Part A** (Questions 1–3)
(15 marks)

---

*Your response will be assessed on how well you:*
- *understand general and specific aspects of texts by identifying and analysing information and convey the information accurately and appropriately.*

---

You will hear THREE texts. Each text will be played twice. There will be a short break between the first and second playings of each text. You may make notes at any time.

Listen carefully to each text and then answer the questions in ENGLISH.

**Marks** | You may make notes in this space.

**Text 1**

1. (a) Complete the following table. **3**

| | |
|---|---|
| **Activities for boys** | • ______________________<br>• ______________________ |
| **Mixed-group activities** | • ______________________ |

(b) What is a strict condition for attending the camp and why? **2**

______________________________________________

______________________________________________

______________________________________________

Marks

You may make notes in this space.

**Text 2**

2. With reference to the text, what aspects of nature are used in daily life? **3**

**Text 3**

3. (a) What qualities of the aunt make her a positive role model? **4**

(b) Provide information from the text, showing that the aunt has made a positive contribution to the development of other women. **3**



PLEASE TURN OVER

**Part B** (Questions 4–6)
(15 marks)

---

*Your response will be assessed on how well you:*

- *understand general and specific aspects of texts by identifying and analysing information and convey the information accurately and appropriately.*

---

You will hear THREE texts. Each text will be played twice. There will be a short break between the first and second playings of each text. You may make notes at any time.

Listen carefully to each text and then answer the questions in PUNJABI.

**Marks** | You may make notes in this space.

**Text 4**

4. (a) Where does this visit take place and what is its purpose? **2**
ਇਹ ਦੌਰਾ ਕਿੱਥੇ ਹੋ ਰਿਹਾ ਹੈ ਅਤੇ ਇਸਦਾ ਕੀ ਮਕਸਦ ਹੈ?

(b) What **three** points does the male speaker make to the resident? **3**
ਨਰ ਬੁਲਾਰਾ ਵਸਨੀਕ ਨੂੰ ਕਿਹੜੇ **ਤਿੰਨ** ਨੁਕਤੇ ਉਠਾਉਂਦਾ ਹੈ?

Marks | You may make notes in this space.

**Text 5**

5. Summarise the **five** main points for making the cheese pakoras. **5**

   ਪਨੀਰ ਦੇ ਪਕੌੜੇ ਬਣਾਉਣ ਦੇ **ਪੰਜ** ਮੁੱਖ ਨੁਕਤੇ ਸੰਖੇਪ ਵਿੱਚ ਲਿਖੋ।



PLEASE TURN OVER

Marks | You may make notes in this space.

**Text 6**

6. Imagine you are the elder sister. Based on the information in the text, summarise what you would expect in preparation for your wedding. **5**

ਮੰਨ ਲਵੋ ਕਿ ਤੁਸੀਂ ਵੱਡੀ ਭੈਣ ਹੋ। ਵਾਰਤਾਲਾਪ ਵਿਚਲੀ ਜਾਣਕਾਰੀ ਨੂੰ ਵਰਤਦੇ ਹੋਏ ਸੰਖੇਪ ਵਿੱਚ ਲਿਖੋ ਕਿ ਤੁਸੀਂ ਆਪਣੇ ਵਿਆਹ ਦੀਆਂ ਤਿਆਰੀਆਂ ਵਿੱਚ ਕੀ ਆਸ ਕਰੋਗੇ।

**End of Section 1**

Student/Registration Number | | Centre Number | |

# 2015 Public Examination

# Punjabi

## Continuers Level

## Section 2: Reading and Responding (25 marks)

**Instructions to Students**

1. Allow approximately 1 hour and 10 minutes for Section 2.
2. Write all your answers to the questions in Section 2 in this booklet in black or blue pen.
3. You must answer ALL questions in Part A and Part B.
4. Answer Part A in ENGLISH and Part B in PUNJABI.
5. Write your student/registration number and the centre number (if required) on the front cover of this booklet.
6. All question booklets will be collected at the end of the examination.

*© Victorian Curriculum and Assessment Authority 2015*

**Part A** (Questions 7–8)
(10 marks)

---

*Your response will be assessed on how well you:*

- *understand general and specific aspects of texts (for example, by comparing, contrasting, summarising and/or evaluating) and convey the information appropriately.*

---

7. Read the text and then answer in ENGLISH the question that follows.

## ਚਰਖ਼ਾ

ਚਰਖ਼ਾ ਪੰਜਾਬੀ ਵਿਰਸੇ ਅਤੇ ਸੱਭਿਆਚਾਰ ਵਿੱਚ ਨਿਵੇਕਲਾ ਸਥਾਨ ਰੱਖਦਾ ਹੈ। ਖ਼ਾਸ ਕਰਕੇ ਔਰਤਾਂ ਦੁਆਰਾ ਵਰਤੀ ਜਾਣ ਵਾਲੀ ਚੀਜ਼ ਹੋਣ ਕਰਕੇ ਇਹ ਇਸਤਰੀ ਵਰਗ ਦੇ ਨਜ਼ਦੀਕ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਇਹ ਔਰਤਾਂ ਦੇ ਦੁੱਖ-ਸੁੱਖ ਦਾ ਭਾਈਵਾਲ ਰਿਹਾ ਹੈ। ਚਰਖ਼ੇ ਦਾ ਜ਼ਿਕਰ ਅਨੇਕਾਂ ਲੋਕ ਗੀਤਾਂ, ਬੋਲੀਆਂ ਅਤੇ ਟੱਪਿਆਂ ਵਿੱਚ ਆਇਆ ਹੈ ਜੋ ਔਰਤ-ਵਰਗ ਨੂੰ ਇਕੱਠੇ ਰੱਖਣ ਵਿੱਚ ਸਫ਼ਲ ਰਿਹਾ ਹੈ।

ਪੁਰਾਣੇ ਸਮਿਆਂ ਵਿੱਚ ਕੱਪੜਾ ਤਿਆਰ ਕਰਨ ਲਈ ਚਰਖ਼ਾ ਵਰਤਿਆ ਜਾਂਦਾ ਸੀ। ਸੁਆਣੀਆਂ ਚੁਗੇ ਹੋਏ ਰੂੰ ਨੂੰ ਵੇਲਣੇ ਵਿੱਚ ਪਿੰਜ ਕੇ ਬਾਂਸ ਦੀ ਪੋਰੀ ਨਾਲ ਪੂਣੀਆਂ ਵੱਟਦੀਆਂ ਸਨ। ਪੂਣੀਆਂ ਨੂੰ ਚਰਖ਼ੇ ਨਾਲ ਕੱਤ ਕੇ ਗਲੋਟੇ ਬਣਾਏ ਜਾਂਦੇ ਸਨ, ਫੇਰ ਅਟੇਰਨੇ ਦੀ ਮਦਦ ਨਾਲ ਗਲੋਟਿਆਂ ਦੇ ਲੱਛੇ ਬਣਾਕੇ ਸੂਤ ਤਿਆਰ ਕਰ ਲਿਆ ਜਾਂਦਾ ਸੀ। ਸੂਤ ਨੂੰ ਰੰਗਣ ਤੋਂ ਬਾਅਦ ਇਸ ਤੋਂ ਦਰੀਆਂ, ਖ਼ੇਸ, ਚਾਦਰਾਂ ਅਤੇ ਪਹਿਨਣ ਲਈ ਖ਼ੱਦਰ ਬਣਾਇਆ ਜਾਂਦਾ ਸੀ। ਸੱਸਾਂ ਆਪਣੀਆਂ ਨੂੰਹਾਂ ਨੂੰ ਘਰ ਦੀ ਜ਼ਰੂਰਤ ਲਈ ਇੱਕ ਖ਼ਾਸ ਮਿਕਦਾਰ ਤੱਕ ਲੋੜੀਂਦਾ ਸੂਤ ਕੱਤਣ ਲਈ ਉਤਸ਼ਾਹਿਤ ਕਰਦੀਆਂ ਸਨ। ਇਸ ਤਰੀਕੇ ਨਾਲ ਉਨ੍ਹਾਂ ਨੂੰ ਆਪਣੀਆਂ ਨੂੰਹਾਂ ਨੂੰ ਜਾਨਣ ਦਾ ਮੌਕਾ ਮਿਲਦਾ ਸੀ।

ਤੀਆਂ ਵੇਲੇ ਇੱਕਠੀਆਂ ਹੋਈਆਂ ਔਰਤਾਂ ਤ੍ਰਿੰਝਣ ਵਿੱਚ ਗਾਉਂਦੀਆਂ ਤੇ ਚਰਖ਼ਾ ਕੱਤਦੀਆਂ ਸਨ। ਅੱਜ ਮੁਟਿਆਰਾਂ ਚਰਖ਼ੇ ਤੇ ਤ੍ਰਿੰਝਣ ਦੀ ਜਗ੍ਹਾ ਇੰਟਰਨੈੱਟ-ਕੈਫ਼ੇ, ਬਿਊਟੀ-ਪਾਰਲਰ ਅਤੇ ਨਵੇਂ ਰੁਝੇਵਿਆਂ ਨੂੰ ਪਹਿਲ ਦਿੰਦੀਆਂ ਹਨ। ਚਰਖ਼ਾ ਬਹੁਤਿਆਂ ਘਰਾਂ ਵਿੱਚ ਲੱਭਦਾ ਹੀ ਨਹੀਂ, ਜੇ ਕਿਤੇ ਮਿਲਦਾ ਵੀ ਹੈ ਤਾਂ ਉਹ ਕਿਸੇ ਖੱਲ-ਖੂੰਜੇ ਵਿੱਚ ਧੂੜ ਮਿੱਟੀ ਨਾਲ ਭਰਿਆ ਮਿਲੇਗਾ, ਲਗਦਾ ਹੈ ਕਿ ਜਿਵੇਂ ਠੁਕਰਾ ਦਿੱਤਾ ਗਿਆ ਹੋਵੇ।

QUESTION

**Marks**

What evidence is there that the spinning wheel used to be a significant part of women's lives? **5**



PLEASE TURN OVER

8. Read the text and then answer in ENGLISH the question that follows.

## ਸਮੇਂ ਦੀ ਚਾਲ ਅਤੇ ਬੋਲੀ ਦਾ ਵਿਕਾਸ

ਬੋਲੀ ਦੇਸ਼ ਜਾਂ ਸੂਬੇ ਦੀ ਨੁਮਾਇੰਦਗੀ ਕਰਦੀ ਹੈ। ਬੋਲੀ ਦੁਆਰਾ ਲੋਕ ਆਪਣੇ ਵਿਚਾਰ ਪਰਗਟਾਉਂਦੇ ਹਨ। ਕਿਸੇ ਦੇਸ਼ ਦੀ ਤਰੱਕੀ ਅਤੇ ਵਿਕਾਸ ਵਿੱਚ ਇਸਦਾ ਵੱਡਾ ਯੋਗਦਾਨ ਹੁੰਦਾ ਹੈ। ਤਬਦੀਲੀ ਕੁਦਰਤ ਦਾ ਅਸੂਲ ਹੈ। ਬੋਲੀ ਦੀ ਪਰਫੁੱਲਤਾ ਲਈ ਤਬਦੀਲੀ ਜ਼ਰੂਰੀ ਹੈ, ਨਹੀਂ ਤਾਂ ਇਸ ਵਿੱਚ ਖੜੋਤ ਆ ਜਾਂਦੀ ਹੈ। ਵਿਸ਼ਵੀਕਰਣ ਕਰਕੇ ਅੱਜ-ਕੱਲ੍ਹ ਦੁਨੀਆਂ ਇੱਕ ਛੋਟਾ ਪਿੰਡ ਬਣਕੇ ਰਹਿ ਗਈ ਹੈ। ਜਿਸ ਤੇਜ਼ੀ ਨਾਲ ਤਬਦੀਲੀਆਂ ਆ ਰਹੀਆਂ ਹਨ, ਉਸ ਰਫ਼ਤਾਰ ਨਾਲ ਪੰਜਾਬੀ ਦੇ ਨਵੇਂ ਸ਼ਬਦਾਂ ਦੀ ਸਿਰਜਣਾ ਨਹੀਂ ਹੁੰਦੀ, ਜੇ ਹੋਂਦ ਵਿੱਚ ਆਉਂਦੇ ਵੀ ਹਨ ਤਾਂ ਉਹ ਢੁਕਵੇਂ ਨਹੀਂ, ਕੰਮ-ਚਲਾਊ ਹੀ ਲਗਦੇ ਹਨ, ਜਿਵੇਂ 'ਚਿਹਰੇ ਦੀ ਕਿਤਾਬ', ਫੇਸ-ਬੁੱਕ ਦਾ ਸ਼ਬਦੀ ਅਰਥ ਹੈ ਅਸਲ ਵਿਆਖਿਆ ਨਹੀਂ। ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਦੇ ਮੁੱਖ ਬੰਦ ਵਿੱਚ ਲਿਖਿਆ ਹੈ, "ਭਾਸ਼ਾ ਦਾ ਇਤਿਹਾਸ ਜਾਨਣ ਵਾਲੇ ਚੰਗੀ ਤਰ੍ਹਾਂ ਜਾਣਦੇ ਹਨ ਕਿ ਸ਼ਬਦਾਂ ਦਾ ਰੂਪ ਕਿਵੇਂ ਸਮੇਂ ਦੇ ਗੇੜ ਨਾਲ ਬਦਲਦਾ ਰਹਿੰਦਾ ਹੈ" (ਭੂਮਿਕਾ ਵਿੱਚ ਸਫਾ ਨੰਬਰ 'ਸ' ਮਹਾਨ-ਕੋਸ਼ ਭਾਈ ਕਾਹਨ ਸਿੰਘ ਨਾਭਾ ਭਾਗ ਪਹਿਲਾ)। ਡਾਕਟਰ ਨੂੰ ਵੈਦ ਜਾਂ ਹਕੀਮ ਅਤੇ ਟੈਲੀਵਿਯਨ ਨੂੰ ਦੂਰਦਰਸ਼ਨ ਬੋਲਿਆ ਜਾਵੇ ਤਾਂ ਅਨਪੜ੍ਹ ਵੀ ਸਵਾਲ ਕਰੇਗਾ, ਕਿਉਂਕਿ ਸਮੇਂ ਅਨੁਸਾਰ ਬੋਲੀ ਦੇ ਵਿਕਾਸ ਕਾਰਨ ਡਾਕਟਰ ਅਤੇ ਟੈਲੀਵਿਯਨ ਸ਼ਬਦ ਪੰਜਾਬੀ ਬੋਲੀ ਦਾ ਹਿੱਸਾ ਬਣ ਗਏ ਹਨ। ਜਦੋਂ ਭਾਸ਼ਾ ਵਿਕਸਿਤ ਹੁੰਦੀ ਹੈ ਅਸੀਂ ਨਵੇਂ ਸ਼ਬਦ ਸਿੱਖਦੇ ਹਾਂ ਅਤੇ ਕੁੱਝ ਕੁ ਆਪਣੀ ਲੋੜ ਲਈ ਅਪਣਾਉਂਦੇ ਹਾਂ ਜਿਨ੍ਹਾਂ ਦਾ ਕੋਈ ਪੰਜਾਬੀ ਪੂਰਕ ਨਹੀਂ ਹੈ ਜਿਵੇਂ:- ਕੰਪਿਊਟਰ, ਈ-ਮੇਲ, ਐਸ-ਐਮ-ਐਸ ਅਤੇ ਮੀਟਰ ਆਦਿ। ਮੇਰੇ ਨਿੱਜੀ ਵਿਚਾਰ ਅਨੁਸਾਰ ਇਹ ਜਰੂਰੀ ਅਤੇ ਸਮੇਂ ਦੀ ਮੰਗ ਹੈ ਕਿ ਅਸੀਂ ਨਵੇਂ ਸ਼ਬਦ ਅਪਣਾਈਏ ਅਤੇ ਵਰਤਮਾਨ ਦੇ ਹਾਣੀ ਬਣੀਏ।

ਨਿਮਰ ਸਿੰਘ

QUESTION

**Marks**

Why, as a result of change, does Nimar Singh accept foreign words in Punjabi? Summarise your answer, giving **five** reasons. **5**

**Part B** (Question 9)
(15 marks)

---

*Your response will be assessed on how well you:*
- *demonstrate an understanding of the stimulus text*
- *write text appropriate and relevant to context, purpose and audience*
- *structure and sequence information and ideas*
- *manipulate language structures and vocabulary in Punjabi.*

---

9. Read the text and then answer the question in approximately 150 words in PUNJABI on page 7.

ਨੂੰ: ਰੋਹਿਤ ਐਟ ਊੜਾ ਡਾਟ ਕਾਮ
ਵੱਲੋਂ: ਗੋਪੀ ਐਟ ਜ਼ੀਜ਼ੀ ਡਾਟ ਕਾਮ

ਹੈਲੋ ਰੋਹਿਤ,

ਸਤਿ ਸ੍ਰੀ ਅਕਾਲ।

ਮੈਂ ਵਾਪਸ ਆਸਟਰੇਲੀਆ ਠੀਕ-ਠਾਕ ਪਹੁੰਚ ਗਿਆ ਹਾਂ। ਪੰਜਾਬ ਫੇਰੀ ਦੌਰਾਨ ਮੇਰੇ ਨਾਲ ਤੇਰਾ ਸਮਾਂ ਬਿਤਾਉਣ ਅਤੇ ਤੇਰੇ ਮਾਤਾ ਜੀ ਦਾ ਵੰਨ-ਸੁਵੰਨੇ ਪਕਵਾਨ ਬਣਾਉਣ ਲਈ ਸ਼ੁਕਰੀਆ। ਇਸ ਪ੍ਰਾਹੁਣਚਾਰੀ ਕਾਰਨ ਮੇਰਾ ਇਹ ਸਫ਼ਰ ਅਭੁੱਲ ਯਾਦ ਬਣ ਗਿਆ।

ਇਸ ਫੇਰੀ ਦੌਰਾਨ ਜੋ ਮੈਂ ਮਹਿਸੂਸ ਕੀਤਾ, ਉਸ ਬਾਰੇ ਕੁੱਝ ਸਵਾਲ ਪੁੱਛਣੇ ਚਾਹੁੰਦਾ ਹਾਂ ਜਿਵੇਂ:- ਰੋਜ਼ਾਨਾ ਜੀਵਨ ਵਿੱਚ ਲੋਕਾਂ ਦੀ ਵਾਤਾਵਰਣ ਪ੍ਰਤੀ ਗੰਭੀਰਤਾ ਦੀ ਘਾਟ, ਥਾਂ-ਥਾਂ ਵਧ ਰਿਹਾ ਹਵਾ ਅਤੇ ਭੂਮੀ ਪਰਦੂਸ਼ਣ ਅਤੇ ਦਰੱਖਤਾਂ ਦੀ ਵੱਡੇ ਪੱਧਰ ਤੇ ਕਟਾਈ, ਕਿਉਂ? ਆਮ ਲੋਕਾਂ ਦੇ ਇਸ ਬਾਰੇ ਵਿਚਾਰ ਤੇ ਪ੍ਰਤੀਕਰਮ ਕੀ ਹਨ? ਸ਼ਹਿਰ ਦੇ ਪੱਖ ਤੋਂ ਕੀ ਕੀਤਾ ਜਾ ਰਿਹਾ ਹੈ? ਸੂਬੇ ਪੱਖੋਂ ਸਰਕਾਰ ਕੀ ਕਰ ਰਹੀ ਹੈ? ਜਨਤਾ ਦੀ ਇਸ ਬਾਰੇ ਕੀ ਸੋਚ ਹੈ? ਤੇਰੇ ਵਿਚਾਰ ਵਿੱਚ ਪੰਜਾਬ ਦੀ ਸੁੰਦਰਤਾ ਬਰਕਰਾਰ ਰੱਖਣ ਲਈ ਕੀ ਹੋਣਾ ਚਾਹੀਦਾ ਹੈ? ਤੇਰੇ ਜਵਾਬ ਦਾ ਇੰਤਜ਼ਾਰ ਕਰਾਂਗਾ।

ਸਭ ਨੂੰ ਸਤਿ ਸ੍ਰੀ ਅਕਾਲ।

ਤੇਰਾ ਦੋਸਤ,

ਗੋਪੀ

QUESTION

You have received an email from your friend, Gopi. Write an informal letter to Gopi, responding to his concerns and his comments.

ਤੁਹਾਨੂੰ ਤੁਹਾਡੇ ਦੋਸਤ ਗੋਪੀ ਦੀ ਈ-ਮੇਲ ਮਿਲੀ। ਗੋਪੀ ਨੂੰ ਇੱਕ ਗੈਰ ਰਸਮੀ ਚਿੱਠੀ ਲਿਖਕੇ ਉਸਦੇ ਸਾਰੇ ਸ਼ੰਕਿਆਂ ਨੂੰ ਸਪੱਸ਼ਟ ਕਰਕੇ ਟੀਕਾ ਟਿੱਪਣੀ ਦਾ ਜਵਾਬ ਦਿਉ।

*Do not remove this page from the question booklet.*

| Student/Registration Number | | | | | | | | | | | |
|---|---|---|---|---|---|---|---|---|---|---|---|

| Centre Number | | | | | | |
|---|---|---|---|---|---|---|

Punjabi
Continuers Level

Question 9



PLEASE TURN OVER

**End of Section 2**

Student/Registration Number | | | | | | | | | | | Centre Number | | | | | | |

**2015 PUBLIC EXAMINATION**

# Punjabi

## Continuers Level

### Section 3: Writing in Punjabi (20 marks)

**Instructions to Students**

1. Allow approximately 40 minutes for Section 3.
2. Write your answer to a question from Section 3 in this booklet in black or blue pen. Space is provided for you to make notes.
3. You must answer ONE question in PUNJABI.
4. Write your student/registration number and the centre number (if required) on the front cover of this booklet.
5. All question booklets will be collected at the end of the examination.

© Victorian Curriculum and Assessment Authority 2015

**Section 3** (Questions 10–12)
(20 marks)

---

*Your response will be assessed on how well you:*
- *demonstrate depth of treatment of information, ideas and/or opinions*
- *write text appropriate and relevant to context, purpose and audience*
- *structure and sequence information and ideas*
- *manipulate language structures and vocabulary in Punjabi.*

---

Answer ONE question from this section in approximately 250 words in PUNJABI.

10. Your community is organising a seminar to increase awareness of the government's initiative for families, that focuses on health and wellbeing. Write an invitation to your fellow students, their families and friends, persuading them to attend this seminar and outlining how they will benefit from it.

    ਪਰਿਵਾਰਾਂ ਦੀ ਸਿਹਤ ਅਤੇ ਖੁਸ਼ਹਾਲੀ ਨੂੰ ਮੁੱਖ ਰੱਖਕੇ ਸਰਕਾਰ ਦੁਆਰਾ ਕੀਤੀ ਪਹਿਲਕਦਮੀ ਬਾਰੇ ਲੋਕਾਂ ਵਿੱਚ ਜਾਗਰਿਤੀ ਲਿਆਉਣ ਲਈ ਤੁਹਾਡਾ ਭਾਈਚਾਰਾ ਇੱਕ ਸੰਮੇਲਨ ਦਾ ਆਯੋਜਨ ਕਰ ਰਿਹਾ ਹੈ। ਆਪਣੇ ਹਮ ਜਮਾਤੀਆਂ, ਉਨ੍ਹਾਂ ਦੇ ਪਰਿਵਾਰਾਂ ਅਤੇ ਦੋਸਤਾਂ ਨੂੰ ਇਸ ਵਿੱਚ ਸ਼ਾਮਲ ਹੋਣ ਲਈ ਸੰਮੇਲਨ ਦੇ ਫਾਇਦਿਆਂ ਨੂੰ ਦਰਸਾਉਂਦਾ ਹੋਇਆ ਇੱਕ ਪਰੇਰਣਾਤਮਿਕ ਸੱਦਾ-ਪੱਤਰ ਲਿਖੋ।

11. You recently attended a musical performance by some well-known Punjabi artists. Write an evaluative report for a Punjabi newspaper, about your experience of the whole event, from when you arrived to when you left.

    ਤੁਸੀਂ ਹਾਲ ਹੀ ਵਿੱਚ ਕੁਝ ਜਾਣੇ-ਪਛਾਣੇ ਪੰਜਾਬੀ ਕਲਾਕਾਰਾਂ ਦੀ ਸੰਗੀਤਕ ਪੇਸ਼ਕਾਰੀ ਦੇਖਣ ਗਏ। ਤੁਹਾਡੇ ਸ਼ਾਮਲ ਹੋਣ ਤੋਂ ਲੈ ਕੇ ਵਾਪਸ ਜਾਣ ਤੱਕ ਦੇ ਤਜ਼ਰਬੇ ਨੂੰ ਦਰਸਾਉਂਦੀ ਹੋਈ ਇਸ ਸਾਰੀ ਪੇਸ਼ਕਸ਼ ਦਾ ਮੁਲਾਂਕਣ ਕਰਦੀ ਹੋਈ ਰਿਪੋਰਟ ਇੱਕ ਪੰਜਾਬੀ ਅਖ਼ਬਾਰ ਲਈ ਲਿਖੋ।

12. During the school holidays, your two young cousins, who like listening to stories, are going to spend a few hours at your house while their parents are going to watch a movie. Write an imaginative story about your cousins, in which they are the main characters, for their entertainment.

    ਸਕੂਲ ਦੀਆਂ ਛੁੱਟੀਆਂ ਦੌਰਾਨ ਤੁਹਾਡੇ ਦੋ ਛੋਟੇ ਚਚੇਰੇ ਭੈਣ ਭਰਾ ਜੋ ਕਿ ਕਹਾਣੀ ਸੁਣਨ ਦੇ ਸ਼ੌਕੀਨ ਹਨ ਤੁਹਾਡੇ ਕੋਲ ਕੁੱਝ ਘੰਟਿਆਂ ਲਈ ਆ ਰਹੇ ਨੇ ਕਿਉਂਕਿ ਉਹਨਾਂ ਦੇ ਮਾਪਿਆਂ ਨੇ ਫ਼ਿਲਮ ਦੇਖਣ ਜਾਣਾ ਹੈ। ਉਹਨਾਂ ਦੇ ਮਨੋਰੰਜਨ ਲਈ ਉਨ੍ਹਾਂ ਬਾਰੇ ਇੱਕ ਕਾਲਪਨਿਕ ਕਹਾਣੀ ਲਿਖੋ ਜਿਸ ਵਿੱਚ ਉਹ ਮੁੱਖ ਪਾਤਰ ਹੋਣ।

You may make notes in this space.

Question Number:

**End of Section 3**